ਵੱਲੋਂ

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿੱਚ

ਰਜਿਸਟਰਾਰ,
ਪੰਜਾਬ ਤਕਨੀਕੀ ਯੂਨੀਵਰਸਿਟੀ,
ਜਲੰਧਰ।

ਮੀਮੋ ਨੰ: 2057 /ਸ-1/ਈ.ਸੀ.ਸੀ./2010 ਮਿਤੀ: 01/9/10.

ਵਿਸ਼ਾ:- **Regarding Implementation of Skill Development Mission by Colleges Affiliated with PTU.**

ਇਹ ਦੱਸਿਆ ਜਾਂਦਾ ਹੈ ਕਿ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ ਨਾਲ ਐਫਲੀਏਟਿਡ ਸੰਸਥਾਵਾਂ ਵਿੱਚ ਸਕਿੱਲ ਡਿਵੈੱਲਪਮੈਂਟ ਮਿਸ਼ਨ ਨੂੰ ਲਾਗੂ ਕਰਨ ਸਬੰਧੀ ਮਾਨਯੋਗ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਜੀ ਵੱਲੋਂ ਮਿਤੀ 09.09.10 ਨੂੰ ਬਾਅਦ-ਦੁਪਿਹਰ 2.30 ਵਜੇ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ ਦੇ ਕਮੇਟੀ ਰੂਮ ਵਿੱਚ ਮੀਟਿੰਗ ਰੱਖੀ ਹੈ। ਇਸ ਮੀਟਿੰਗ ਵਿੱਚ ਸਕਿੱਲ ਡਿਵੈੱਲਪਮੈਂਟ ਸਬੰਧੀ ਪ੍ਰੋਗਰੈੱਸ ਰਿਪੋਰਟ ਪੇਸ਼ ਕੀਤੀ ਜਾਣੀ ਹੈ। ਇਹ ਬੇਨਤੀ ਹੈ ਕਿ ਇਸ ਮੀਟਿੰਗ ਵਿੱਚ ਮਿੱਥੀ ਮਿਤੀ ਅਤੇ ਸਮੇਂ ਅਨੁਸਾਰ ਸ਼ਾਮਲ ਹੋਣ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਤੋਂ ਇਲਾਵਾ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਦੀ ਪ੍ਰੋਗ੍ਰੈੱਸ ਰਿਪੋਰਟ ਸਾਰੀਆਂ ਸੰਸਥਾਵਾਂ ਤੋਂ ਪ੍ਰਾਪਤ ਕਰਦੇ ਹੋਏ, ਇਸ ਰਿਪੋਰਟ ਦੀ ਐਡਵਾਂਸ ਕਾਪੀ ਇਸ ਦਫਤਰ ਅਤੇ ਮਾਨਯੋਗ ਪ੍ਰਮੁੱਖ ਸਕੱਤਰ, ਤਕਨੀਕੀ ਸਿਖਿਆ ਜੀ ਨੂੰ ਤੁਰੰਤ ਭੇਜਣ ਦੀ ਕ੍ਰਿਪਾਲਤਾ ਵੀ ਕੀਤੀ ਜਾਵੇ।

3/8

ਵਧੀਕ ਡਾਇਰੈਕਟਰ
ਵਾ:ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 2058-2059 /ਸ-1/ਈਸੀਸੀ/10 ਮਿਤੀ:- 01/9/10.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਨਿੱਜੀ ਸਹਾਇਕ ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
2) ਪ੍ਰਿੰਸੀਪਲ/ਡਾਇਰੈਕਟਰ, ਰਾਜ ਦੀਆਂ ਸਾਰੀਆਂ ਡਿਗਰੀ ਤਕਨੀਕੀ ਸਿੱਖਿਆ ਸੰਸਥਾਵਾਂ ਨੂੰ ਭੇਜਦਿਆਂ, ਬੇਨਤੀ ਕੀਤੀ ਜਾਂਦੀ ਹੈ ਕਿ ਇਸ ਵਿਭਾਗ ਦੀ ਵੈੱਬ-ਸਾਈਟ www.dtepunjab.gov.in ਤੇ ਸਕਿੱਲ ਡਿਵੈੱਲਪਮੈਂਟ ਸਬੰਧੀ ਪ੍ਰਸ਼ਨਾਵਲੀ ਰੱਖੀ ਗਈ ਹੈ ਅਤੇ ਇਸੇ ਪ੍ਰਸ਼ਨਾਂਵਲੀ ਅਨੁਸਾਰ ਰਿਪੋਰਟ ਤਿਆਰ ਕਰਦੇ ਹੋਏ, ਮਿੱਥੀ ਮਿਤੀ ਅਤੇ ਸਮੇਂ ਅਨੁਸਾਰ ਇਹ ਮੀਟਿੰਗ ਅਟੈਂਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਆਪਣੀ ਸੰਸਥਾ ਦੀ ਸਕਿੱਲ ਡਿਵੈੱਲਪਮੈਂਟ ਦੀ ਪ੍ਰੋਗਰੈੱਸ ਰਿਪੋਰਟ ਦੀ ਕਾਪੀ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ ਨੂੰ ਵੀ ਤੁਰੰਤ ਭੇਜੀ ਜਾਵੇ।

3/8

ਵਧੀਕ ਡਾਇਰੈਕਟਰ
ਵਾ:ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।